Punjab Government Gazette

Published by Authority

No. 28] CHANDIGARH, FRIDAY JULY 10, 2026 (ASADHA 19, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ

(ਗ੍ਰਹਿ-3 ਸ਼ਾਖਾ)

ਅਧਿਸੂਚਨਾ

ਮਿਤੀ 6 ਅਕਤੂਬਰ, 2023

ਨੰ: HOME-HM-30ESBM/50/2023-HOME-3/I/657257/2023-ਸ਼੍ਰੀ ਦਵਿੰਦਰ ਸਿੰਘ, ਪੀ.ਪੀ.ਐਸ, ਨੰ 58/ਬੀ.ਆਰ (ਅਡਹਾਕ) ਪੁੱਤਰ ਸ਼੍ਰੀ ਅਵਤਾਰ ਸਿੰਘ ਉਪ ਕਪਤਾਨ ਪੁਲਿਸ, 9ਵੀਂ ਬਟਾਲੀਅਨ, ਪੀ.ਏ.ਪੀ, ਅੰਮ੍ਰਿਤਸਰ ਦੀ ਮਿਤੀ 31.08.2023 (ਬ.ਦੁ.) ਨੂੰ 58 ਸਾਲ ਦੀ ਉਮਰ ਮੁਕੰਮਲ ਹੋਣ ਉਪਰੰਤ ਉਨ੍ਹਾਂ ਨੂੰ ਸੇਵਾ ਨਿਵਿਰਤ ਕੀਤਾ ਜਾਂਦਾ ਹੈ।

2. ਇਸ ਅਧਿਕਾਰੀ ਦੀ ਸੇਵਾ ਨਿਵਿਰਤੀ ਦੇ ਹੁਕਮ ਇਸ ਸ਼ਰਤ ਤੇ ਜਾਰੀ ਕੀਤੇ ਜਾਂਦੇ ਹਨ:-

ੳ) ਸ਼੍ਰੀ ਦਵਿੰਦਰ ਸਿੰਘ, ਪੀ.ਪੀ.ਐਸ, ਨੰ 58/ਬੀ.ਆਰ ਵਿਰੁੱਧ ਲੰਬਿਤ 02 ਵਿਭਾਗੀ ਪੜਤਾਲਾਂ 8/42/2016-3ਗ3 (2ਗ3)/973-976 ਮਿਤੀ 20.02.2019 ਅਤੇ 8/125/2018-2ਗ3/5276 ਮਿਤੀ 03.12.2021 ਵਿੱਚ ਲਿਆ ਜਾਣ ਵਾਲਾ ਅੰਤਿਮ ਫੈਸਲਾ ਇਸ ਅਧਿਕਾਰੀ ਤੇ ਇੰਨ-ਬਿੰਨ ਲਾਗੂ ਹੋਵੇਗਾ।

ਅ) ਸ਼੍ਰੀ ਦਵਿੰਦਰ ਸਿੰਘ, ਪੀ.ਪੀ.ਐਸ, ਨੰ 58/ਬੀ.ਆਰ ਵਿਰੁੱਧ CBI Case RC 7(S) 99/SILXVI/Jammu Dt 30.06.99 u/s 364/302/34 IPO ਸਪੈਸ਼ਲ ਜੱਜ, ਸੀ.ਬੀ.ਆਈ, ਐਸ.ਏ.ਐਸ, ਨਗਰ ਦੀ ਕੋਰਟ ਵਿੱਚ ਪੈਡਿੰਗ ਹੈ। ਇਸ ਕੇਸ ਦਾ ਫੈਸਲਾ ਅਧਿਕਾਰੀ ਤੇ ਇੰਨ ਬਿੰਨ ਲਾਗੂ ਹੋਵੇਗਾ।

ੲ) ਇਸ ਅਧਿਕਾਰੀ ਵਿਰੁੱਧ ਭਵਿੱਖ ਵਿੱਚ ਜੇਕਰ ਕੋਈ ਕ੍ਰਿਮੀਨਲ, ਸਿਵਲ ਜਾਂ ਅਨੁਸ਼ਾਸ਼ਨੀ ਕਾਰਵਾਈ ਕਰਨ ਬਾਰੇ ਮਾਮਲਾ ਧਿਆਨ ਵਿੱਚ ਆਉਂਦਾ ਹੈ ਤਾਂ ਇਨ੍ਹਾਂ ਵਿਰੁੱਧ ਪੰਜਾਬ ਸੀ.ਐਸ.ਆਰ. ਭਾਗ-2 ਦੇ ਨਿਯਮ 2.2 ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਜੇਕਰ ਇਨ੍ਹਾਂ ਅਧਿਕਾਰੀਆਂ ਵਿਰੁੱਧ ਕੋਈ ਰਿਕਵਰੀ ਕਿਸੇ ਸਟੇਜ ਤੇ ਸਾਹਮਣੇ ਆਉਣੀ ਹੈ ਤਾਂ ਉਸਦੀ ਭਰਪਾਈ ਇਸ ਦੀ ਗਰੈਚੂਟੀ/ਪੈਨਸ਼ਨ ਵਿਚੋਂ ਕਰ ਲਈ ਜਾਵੇਗੀ।

ਗੁਰਕਿਰਤ ਕਿਰਪਾਲ ਸਿੰਘ, ਆਈ.ਏ.ਐਸ.,
ਸਕੱਤਰ, ਪੰਜਾਬ ਸਰਕਾਰ,
ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਪੰਜਾਬ।

ਚੰਡੀਗੜ੍ਹ
ਮਿਤੀ 29 ਸਤੰਬਰ, 2023

3766/7-2026/Pb. Govt. Press, S.A.S. Nagar